# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ
## ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ (ਪਿਕਟਸ)

ਪੰ.ਸ.ਸਿੱ.ਬੋ. ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਸ 8, ਸਆਸ ਨਗਰ (ਫੋਨ:0172-5212311)

---

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ)
ਸਮੂਹ ਸਕੂਲ ਮੁਖੀ (ਵੈੱਬ ਸਾਈਟ ਰਾਹੀਂ)

ਪੱਤਰ ਨੰ. 2/5-ICT-2018/Misc./201880072
ਮਿਤੀ 22.11.18

ਵਿਸ਼ਾ: **Online Computer Quiz** ਕਰਵਾਉਣ ਸਬੰਧੀ।

1 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜਦੇ 9ਵੀਂ ਅਤੇ 10ਵੀਂ ਕਲਾਸ ਦੇ ਵਿਦਿਆਰਥੀਆਂ ਦਾ ICT ਅਧੀਨ ਆਨ-ਲਾਈਨ ਕੰਪਿਊਟਰ ਕੁਇਜ਼ ਸਾਫਟਵੇਅਰ ਰਾਹੀਂ ਕਰਵਾਇਆ ਜਾ ਰਿਹਾ ਹੈ। ਆਨ-ਲਾਈਨ ਕੰਪਿਊਟਰ ਕੁਇਜ਼ ਸਕੂਲ ਪੱਧਰ, ਬਲਾਕ ਪੱਧਰ ਅਤੇ ਜਿਲਾ ਪੱਧਰ ਤੇ ਕਰਵਾਏ ਜਾਣੇ ਹਨ। ਬਲਾਕ ਪੱਧਰ ਅਤੇ ਜਿਲ੍ਹਾ ਪੱਧਰ ਤੇ ਕੰਪਿਊਟਰ ਕੁਇਜ਼ ਲਈ Questionnaire ਮੁੱਖ ਦਫਤਰ ਵੱਲੋਂ ਸਾਫਟਵੇਅਰ ਵਿੱਚ ਆਨ-ਲਾਈਨ ਮੁਹੱਈਆ ਕਰਵਾਈ ਜਾਵੇਗੀ। ਸੋ ਇਹ ਮੁਕਾਬਲੇ ਹੇਠ ਲਿਖੀਆਂ ਤਾਰੀਖਾਂ ਅਨੁਸਾਰ ਕਰਵਾਏ ਜਾਣ:

- ਸਕੂਲ ਪੱਧਰ ਤੇ - 06.12.18 ਤੱਕ
- ਬਲਾਕ ਪੱਧਰ ਤੇ - 14.12.18 ਸਵੇਰੇ 11:00 ਵਜੇ
- ਜਿਲ੍ਹਾ ਪੱਧਰ ਤੇ - 20.12.18 ਸਵੇਰੇ 11:00 ਵਜੇ

2 ਸਕੂਲ ਪੱਧਰ ਤੇ ਕਰਵਾਏ ਮੁਕਾਬਲਿਆ ਵਿੱਚੋਂ ਹਰੇਕ ਕਲਾਸ/ਸਕੂਲ ਦੇ ਦੋ ਜੇਤੂ ਵਿਦਿਆਰਥੀਆਂ ਨੂੰ ਬਲਾਕ ਪੱਧਰ ਲਈ ਚੁਣਿਆ ਜਾਵੇਗਾ। ਇਸੇ ਤਰ੍ਹਾਂ ਬਲਾਕ ਪੱਧਰ ਤੇ ਕਰਵਾਏ ਮੁਕਾਬਲਿਆ ਵਿਚੋਂ ਹਰੇਕ ਕਲਾਸ ਵਿਚ ਪਹਿਲੀਆਂ ਦੋ ਪੁਜ਼ੀਸ਼ਨਾਂ ਤੇ ਆਏ ਵਿਦਿਆਰਥੀਆਂ ਨੂੰ ਜਿਲ੍ਹਾ ਪੱਧਰ ਲਈ ਚੁਣਿਆ ਜਾਵੇਗਾ। ਬਲਾਕ ਪੱਧਰ ਤੇ ਕੰਪਿਊਟਰ ਕੁਇਜ਼ ਕਰਵਾਉਣ ਲਈ ਸਕੂਲ ਦੀ ਚੋਣ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਵੱਲੋਂ ਕੀਤੀ ਜਾਵੇਗੀ। ਸਕੂਲ ਪੱਧਰ ਤੇ ਸਾਫਟਵੇਅਰ ਰਾਹੀਂ ਕੰਪਿਊਟਰ ਕੁਇਜ਼ ਕਰਵਾਉਣ ਲਈ ਜਰੂਰੀ ਹਦਾਇਤਾ ਅਤੇ ਸਾਫਟਵੇਅਰ ਵਿਭਾਗ ਦੀ ਵੈੱਬ ਸਾਈਟ ਤੋਂ ਡਾਊਂਨਲੋਡ ਕਰ ਲਏ ਜਾਣ। ਇਸੇ ਤਰ੍ਹਾਂ ਬਲਾਕ ਪੱਧਰ ਤੇ ਕੰਪਿਊਟਰ ਕੁਇਜ਼ ਲਈ ਸਾਫਟਵੇਅਰ ਵਿਭਾਗ ਦੀ ਵੈੱਬ ਸਾਈਟ ਤੋਂ ਦੋਬਾਰਾ ਡਾਊਂਨਲੋਡ ਕੀਤਾ ਜਾਣਾ ਹੈ, ਜਿਸ ਦਾ ਲਿੰਕ ਵਿਭਾਗ ਦੀ ਵੈੱਬ ਸਾਈਟ ਤੇ ਦਿੱਤਾ ਜਾਵੇਗਾ।

3 ਬਲਾਕ ਪੱਧਰ ਤੇ ਕੰਪਿਊਟਰ ਕੁਇਜ਼ ਮਿਤੀ 14.12.18 ਨੂੰ ਸਵੇਰੇ 11:00 ਵਜੇ ਸ਼ੁਰੂ ਕੀਤਾ ਜਾਵੇਗਾ, ਜਿਸ ਲਈ Questionnaire ਮੁੱਖ ਦਫਤਰ ਵੱਲੋਂ ਸਾਫਟਵੇਅਰ ਵਿੱਚ ਇੰਟਰਨੈੱਟ ਰਾਹੀਂ 10 ਮਿੰਟ ਪਹਿਲਾਂ ਉਪਲਬਧ ਕਰਵਾਇਆ ਜਾਵੇਗਾ।

4 ਆਨ-ਲਾਈਨ ਕੰਪਿਊਟਰ ਕੁਇਜ਼ ਲਈ ਸਾਫਟਵੇਅਰ ਸਬੰਧੀ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ:

- ਸ਼੍ਰੀ ਸਲੀਮ ਮੁਹੰਮਦ - 9878260937
- ਸ਼੍ਰੀ ਅਮਰਦੀਪ ਸਿੰਘ - 9781700235

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਪੰਜਾਬ

ਪਿੰ.ਅੰ.ਨੰ. ਉਕਤ ਮਿਤੀ:

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਡਿਪਟੀ ਮੇਨੇਜਰ (ਐਮ.ਆਈ.ਐਸ.)
2. ਡੀ.ਪੀ.ਸੀ. (ਰਮਸਾ/ਆਈ.ਸੀ.ਟੀ.)
3. ਪ੍ਰੋਜੈਕਟ ਕੁਆਰਡੀਨੇਟਰਜ਼ (ਸਰਕਲ)
4. ਸ਼੍ਰੀ ਸਲੀਮ ਮੁਹੰਮਦ ਅਤੇ ਸ਼੍ਰੀ ਅਮਰਦੀਪ ਸਿੰਘ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕੰਪਿਊਟਰ ਕੁਇਜ਼ ਵਾਲੇ ਦਿਨ ਸਾਫਟਵੇਅਰ ਸੰਬਧੀ ਜਾਣਕਾਰੀ ਦੇਣ ਲਈ ਫੋਨ ਤੇ ਉਪਲਬਧ ਰਹਿਣਗੇ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਪੰਜਾਬ